# ਪੰਜਾਬੀ ਯੂਨੀਵਰਸਿਟੀ, ਪਟਿਆਲਾ

(1961 ਦੇ ਪੰਜਾਬ ਐਕਟ ਨੰ: 35 ਤਹਿਤ ਸਥਾਪਤ)

ਕਾਲਜ ਸੈਕਸ਼ਨ

ਨੰ...6554.../ਕਾਲਜਾਂ/ਸ-2

ਮਿਤੀ...3-3-2023.......

ਯੂਨੀਵਰਸਿਟੀ ਨਾਲ ਸਬੰਧਤ ਬੀ. ਐਡ. ਕਾਲਜਾਂ ਦੇ,
ਪ੍ਰਿੰਸੀਪਲ/ਡਾਇਰੈਕਟਰ ਸਾਹਿਬਾਨ ਨੂੰ।

ਵਿਸ਼ਾ:- ਬੀ.ਐਡ. ਅਤੇ ਐਮ.ਐਡ. ਕੋਰਸਾਂ ਲਈ ਚੁਣੇ ਹੋਏ ਉਮੀਦਵਾਰਾਂ ਨੂੰ ਰੈਗੂਲਰ ਫੈਕਲਟੀ ਦੀ ਗਿਣਤੀ ਵਿੱਚ ਸ਼ਾਮਲ ਕਰਨ ਸਬੰਧੀ।

ਸ੍ਰੀਮਾਨ ਜੀ/ਸ੍ਰੀਮਤੀ ਜੀ,

ਪੰਜਾਬੀ ਯੂਨੀਵਰਸਿਟੀ ਪਟਿਆਲਾ ਟੀਚਰ ਐਜੂਕੇਸ਼ਨ ਪ੍ਰੋਗਰਾਮਾਂ ਲਈ ਐਨ.ਸੀ.ਟੀ.ਈ. ਅਤੇ ਯੂ.ਜੀ.ਸੀ. ਵੱਲੋਂ ਸਮੇਂ-ਸਮੇਂ ਸਿਰ ਜਾਰੀ ਯੋਗਤਾਵਾਂ ਨੂੰ ਮੰਨਣ ਦੀ ਪਾਬੰਦ ਰਹੀ ਹੈ। ਨਿਰਧਾਰਤ ਯੋਗਤਾਵਾਂ ਮੁਤਾਬਕ ਯੂਨੀਵਰਸਿਟੀ ਵੱਲੋਂ ਭੇਜੀਆਂ ਜਾਂਦੀਆਂ ਸਿਲੈਕਸ਼ਨ ਕਮੇਟੀਆਂ ਉਮੀਦਵਾਰਾਂ ਦੀ ਚੋਣ ਕਰਦੀਆਂ ਹਨ। ਟੀਚਰ ਐਜੂਕੇਸ਼ਨ ਪ੍ਰੋਗਰਾਮਾਂ ਲਈ ਕੁੱਝ ਸਮਾਂ ਅਸਿਸਟੈਂਟ ਪ੍ਰੋਫੈਸਰ ਦੀ ਚੋਣ ਲਈ ਨੈੱਟ ਪ੍ਰੀਖਿਆ ਤੋਂ ਛੋਟ ਦਿੱਤੀ ਗਈ ਸੀ ਪ੍ਰੰਤੂ ਇਹ ਛੋਟ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਹੁਕਮ CWP ਨੰਬਰ 15773 ਆਫ 2015 ਮਿਤੀ 16.06.2022 ਦੇ ਤਹਿਤ ਬੰਦ ਕਰ ਦਿੱਤੀ ਗਈ ਹੈ। ਇਸ ਫੈਸਲੇ ਦੀ ਲੋਅ ਵਿੱਚ ਮਿਤੀ 15.08.2022 ਨੂੰ ਗਠਿਤ ਕਮੇਟੀ ਵੱਲੋਂ ਕੀਤੀਆਂ ਸਿਫਾਰਿਸ਼ਾ ਦੀ ਲੋਅ ਵਿੱਚ ਜਿਨ੍ਹਾਂ ਉਮੀਦਵਾਰਾਂ ਦੀ ਬਿਨ੍ਹਾਂ ਪੀ.ਐਚ.ਡੀ./ਨੈੱਟ ਤੋਂ ਸਿਲੈਕਸ਼ਨ ਹੋ ਚੁੱਕੀ ਹੈ ਅਤੇ ਯੂਨੀਵਰਸਿਟੀ ਵਿਖੇ ਅਪਰੂਵਲ ਬਾਕੀ ਹੈ, ਉਹਨਾਂ ਕੇਸਾਂ ਵਿੱਚ ਅਪਰੂਵਲ ਨਹੀਂ ਕੀਤੀ ਜਾ ਸਕਦੀ, ਪ੍ਰੰਤੂ ਕੋਰਟ ਦੇ ਹੁਕਮਾਂ ਤੋਂ ਪਹਿਲਾਂ ਉਹ ਉਮੀਦਵਾਰ ਜਿਹੜੇ ਯੂਨੀਵਰਸਿਟੀ ਦੀ ਸਿਲੈਕਸ਼ਨ ਕਮੇਟੀ ਰਾਹੀਂ ਚੋਣ ਹੋਣ ਉਪਰੰਤ ਕਾਲਜ ਜੁਆਇੰਨ ਕਰ ਚੁੱਕੇ ਹਨ ਅਤੇ ਉਹਨਾਂ ਦੀ ਅਪਰੂਵਲ ਨਹੀਂ ਹੋਈ, ਉਹਨਾਂ ਉਮੀਦਵਾਰਾਂ ਨੂੰ ਕਾਲਜ ਦੀ ਰੈਗੂਲਰ ਫੈਕਲਟੀ ਦੀ ਗਿਣਤੀ ਵਿੱਚ ਮੰਨਿਆ ਜਾਵੇਗਾ। ਸਮੇਂ-ਸਮੇਂ ਸਿਰ ਯੂਨੀਵਰਸਿਟੀ ਵੱਲੋਂ ਕਾਲਜਾਂ ਲਈ ਰੈਗੂਲਰ ਸਟਾਫ ਦੀ ਭਰਤੀ ਦੀ ਸ਼ਰਤ ਸਮੇਂ ਇਹ ਉਮੀਦਵਾਰ ਰੈਗੂਲਰ ਭਰਤੀ ਦੇ ਤੌਰ ਤੇ ਮੰਨੇ ਜਾਣਗੇ।

ਇਹ ਫੈਸਲਾ ਸਿਰਫ ਉਹਨਾਂ ਉਮੀਦਵਾਰਾਂ ਲਈ ਹੈ ਜੋ ਯੂਨੀਵਰਸਿਟੀ ਦੀ ਸਿਲੈਕਸ਼ਨ ਕਮੇਟੀ ਰਾਹੀਂ ਚੁਣੇ ਗਏ ਹਨ।

ਗੁਰਪ੍ਰੀਤ ਸਿੰਘ 2/3/23

ਡੀਨ, ਕਾਲਜ ਵਿਕਾਸ ਕੌਂਸਲ